## ਭਾਈਚਾਰੇ ਨਾਲ ਸੰਬੰਧਤ ਸਵਾਲ-ਜਵਾਬ: ਗਰੀਨ ਕਾਰਡ ਹੋਲਡਰ ਦੇ ਹੱਕ

ਕਿਰਪਾ ਕਰ ਕੇ ਧਿਆਨ ਦਿਉ ਕਿ ਇਹ ਜਾਣਕਾਰੀ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਕਿਸੇ ਖ਼ਾਸ ਮਸਲੇ 'ਤੇ ਤੁਰੰਤ ਕਾਨੂੰਨੀ ਸਹਾਇਤਾ ਚਾਹੀਦੀ ਹੈ ਤਾਂ ਸਿੱਖ ਕੋਲੀਸ਼ਨ ਨਾਲ ਇਸ ਲਿੰਕ ਰਾਹੀਂ ਸੰਪਰਕ ਕਰੋ।

ਗਰੀਨ ਕਾਰਡ ਹੋਲਡਰ ਜਿਸ ਨੂੰ 'ਲੀਗਲ ਪਰਮਾਨੈਂਟ ਰੈਸੀਡੈਂਟ" (ਕਾਨੂੰਨੀ ਪੱਕਾ ਵਸਨੀਕ) ਵੀ ਕਿਹਾ ਜਾਂਦਾ ਹੈ ਉਸ ਦੇ ਕੁਝ ਮੁੱਢਲੇ ਹੱਕ ਅਤੇ ਜ਼ਿੰਮੇਵਾਰੀਆਂ ਹੁੰਦੇ ਹਨ।

ਗਰੀਨ ਕਾਰਡ ਦੇ ਵਿੱਚ ਸ਼ਾਮਲ ਮੁੱਢਲੇ ਹੱਕ:

- ਅਮਰੀਕਾ ਵਿੱਚ ਪੱਕੇ ਤੌਰ 'ਤੇ ਰਹਿਣ ਦਾ ਹੱਕ, ਬਸ਼ਰਤੇ ਕਿ ਗਰੀਨ ਕਾਰਡ ਵਾਲਾ ਵਿਅਕਤੀ ਕੋਈ ਅਪਰਾਧਿਕ ਕਾਰਵਾਈਆਂ ਨਾ ਕਰੇ ਜਿਸ ਕਰ ਕੇ ਉਸ ਨੂੰ ਇਮੀਗ੍ਰੇਸ਼ਨ ਕਾਨੂੰਨ ਮੁਤਾਬਿਕ ਦੇਸ਼ ਵਿੱਚੋਂ ਕੱਢਿਆ ਜਾ ਸਕਦਾ ਹੈ;
- ਆਪਣੀ ਯੋਗਤਾ ਅਤੇ ਚੋਣ ਅਨੁਸਾਰ ਕਿਸੇ ਵੀ ਕੰਮ ਵਾਲੀ ਜਗ੍ਹਾ 'ਤੇ ਕੰਮ ਕਰਨ ਦਾ ਹੱਕ; ਅਤੇ
- ਅਮਰੀਕਾ ਦੇ, ਉਨ੍ਹਾਂ ਦੀ ਰਿਹਾਇਸ਼ ਵਾਲੇ ਸੂਬੇ ਦੇ ਅਤੇ ਸਥਾਨਕ ਕਾਨੂੰਨ ਅਧੀਨ ਆਉਂਦੇ ਇਲਾਕੇ ਦੇ ਸਾਰੇ ਕਾਨੂੰਨਾਂ ਅਨੁਸਾਰ ਸੁਰੱਖਿਆ ਦਾ ਅਧਿਕਾਰ।

ਗਰੀਨ ਕਾਰਡ ਹੋਲਡਰ ਦੇ ਫ਼ਰਜ਼ਾਂ ਵਿੱਚ ਹੇਠ ਲਿਖੀਆਂ ਜ਼ਿੰਮੇਵਾਰੀਆਂ ਸ਼ਾਮਲ ਹਨ:

- ਅਮਰੀਕਾ ਅਤੇ ਆਪਣੇ ਸਥਾਨਕ ਇਲਾਕੇ ਦੇ ਸਾਰੇ ਕਾਨੂੰਨਾਂ ਦੀ ਪਾਲਣਾ ਕਰਨਾ;
- ਆਮਦਨ ਟੈਕਸ ਦੀ ਰਿਟਰਨ ਭਰਨੀ ਅਤੇ ਅਮਰੀਕੀ ਅੰਦਰੂਨੀ ਆਮਦਨ ਸੇਵਾਵਾਂ (ਯੂਐਸ ਇੰਟਰਨਲ ਰੈਵੇਨਿਊ ਸਰਵਿਸ) ਅਤੇ ਸੂਬੇ ਦੇ ਟੈਕਸ ਨਾਲ ਸੰਬੰਧਤ ਅਦਾਰਿਆਂ ਨੂੰ ਆਮਦਨ ਦੀ ਜਾਣਕਾਰੀ ਦੇਣੀ;
- 18 ਤੋਂ 25 ਸਾਲ ਦੀ ਉਮਰ ਦੇ ਪੁਰਸ਼ਾਂ ਦਾ ਸਿਲੈਕਟਿਵ ਸਰਵਿਸ ਕੋਲ ਰਜਿਸਟਰ ਹੋਣਾ; ਅਤੇ
- ਸਰਕਾਰ ਦੇ ਲੋਕਤਾਂਤਰਿਕ ਢਾਂਚੇ ਦਾ ਸਮਰਥਨ ਕਰਨਾ (ਕਿਰਪਾ ਕਰ ਕੇ ਇਹ ਧਿਆਨ ਰੱਖੋ ਕਿ ਇਸ ਤਰ੍ਹਾਂ ਕਰਨ ਨਾਲ ਗਰੀਨ ਕਾਰਡ ਹੋਲਡਰ ਨੂੰ ਅਮਰੀਕਾ ਦੀਆਂ ਚੋਣਾਂ ਵਿੱਚ ਵੋਟ ਪਾਉਣ ਦਾ ਹੱਕ ਨਹੀਂ ਮਿਲ ਜਾਂਦਾ)।

ਟਰੰਪ ਪ੍ਰਸ਼ਾਸਨ ਦੀਆਂ ਹਾਲੀਆ ਇਮੀਗ੍ਰੇਸ਼ਨ ਕਾਨੂੰਨ ਲਾਗੂ ਕਰਵਾਉਣ ਸੰਬੰਧੀ ਕਾਰਵਾਈਆਂ ਨੇ ਗਰੀਨ ਕਾਰਡ ਹੋਲਡਰਾਂ ਅੰਦਰ ਆਪਣੇ ਇਮੀਗ੍ਰੇਸ਼ਨ ਦੇ ਸਟੇਟਸ ਬਾਰੇ ਚਿੰਤਾਵਾਂ/ਸਵਾਲ ਪੈਦਾ ਕਰ ਦਿੱਤੇ ਹਨ। ਭਾਈਚਾਰੇ ਨਾਲ ਸੰਬੰਧਤ ਸਵਾਲਾਂ-ਜਵਾਬਾਂ ਦਾ ਇਹ ਦਸਤਾਵੇਜ਼ ਉਨ੍ਹਾਂ ਕੁਝ ਆਮ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹੈ ਜੋ ਅਸੀਂ ਸੰਗਤ ਕੋਲੋਂ ਸੁਣੇ ਹਨ।

ਆਮ ਸਵਾਲ

ਕੀ ਗਰੀਨ ਕਾਰਡ ਹੋਲਡਰ ਡੀਪੋਰਟੇਸ਼ਨ ਤੋਂ ਸੁਰੱਖਿਅਤ ਹਨ? ਪ੍ਰਵਾਸ ਅਤੇ ਕੌਮੀਅਤ ਕਾਨੂੰਨ (ਇਮੀਗ੍ਰੇਸ਼ਨ ਐਂਡ ਨੈਸ਼ਨੈਲਟੀ ਐਕਟ) ਅਧੀਨ ਜੇਕਰ ਕੋਈ ਗਰੀਨ ਕਾਰਡ ਹੋਲਡਰ ਕੁਝ ਖ਼ਾਸ ਕਿਸਮ ਦੇ ਜੁਰਮ ਜਿਵੇਂ ਕਿ ਨਸ਼ੀਲੇ-ਪਦਾਰਥਾਂ ਸੰਬੰਧੀ ਜੁਰਮ, ਘਰੇਲੂ ਹਿੰਸਾ ਅਤੇ ਚੋਰੀ ਵਰਗੇ ਜੁਰਮਾਂ ਵਿੱਚ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ। ਗਰੀਨ ਕਾਰਡ ਹੋਲਡਰ ਦੇ ਡਿਪੋਰਟ ਕੀਤੇ ਜਾਣ ਦੇ ਹੋਰ ਕਾਰਨਾਂ ਵਿੱਚ ਵਿਆਹ ਸੰਬੰਧੀ ਧੋਖਾਧੜੀ ਅਤੇ ਆਪਣੇ ਇਮੀਗ੍ਰੇਸ਼ਨ ਦੇ ਸਟੇਟਸ ਦੀ ਉਲੰਘਣਾ ਜਿਵੇਂ ਕਿ ਆਪਣੇ ਬਦਲੇ ਹੋਏ ਪਤੇ ਦੀ ਜਾਣਕਾਰੀ ਨਾ ਦੇਣਾ, ਮਿੱਥੇ ਹੋਏ ਸਮੇਂ ਤੋਂ ਵੱਧ ਸਮਾਂ ਅਮਰੀਕਾ ਤੋਂ ਬਾਹਰ ਰਹਿਣਾ ਜਾਂ ਗ਼ੈਰ-ਕਾਨੂੰਨੀ ਢੰਗ ਨਾਲ ਕੰਮ-ਕਾਜ ਕਰਨਾ ਕਾਰਨ ਸ਼ਾਮਲ ਹਨ।

ਜੇ ਤੁਹਾਨੂੰ ਜਾਂ ਤੁਹਾਡੇ ਪਰਿਵਾਰਕ ਮੈਂਬਰ ਨੂੰ ਤੁਹਾਡੇ ਖ਼ਿਲਾਫ਼ ਡਿਪੋਰਟਸ਼ਨ ਸੰਬੰਧੀ ਦੋਸ਼ਾਂ ਲਈ ਅਦਾਲਤ ਵਿੱਚ ਪੇਸ਼ ਹੋਣ ਦਾ ਨੋਟਿਸ ਆਉਂਦਾ ਹੈ ਤਾਂ ਤੁਹਾਨੂੰ ਤੁਹਾਡਾ ਪੱਖ ਰੱਖਣ ਲਈ ਤੁਰੰਤ ਇਮੀਗ੍ਰੇਸ਼ਨ ਵਕੀਲ ਕਰਨਾ ਬਹੁਤ ਲਾਜ਼ਮੀ ਹੈ। ਸਿਰਫ਼ ਇਮੀਗ੍ਰੇਸ਼ਨ ਜੱਜ ਹੀ ਇਕਲੌਤਾ ਵਿਅਕਤੀ ਹੈ ਜੋ ਰਸਮੀ ਤੌਰ 'ਤੇ ਗਰੀਨ ਕਾਰਡ ਰੱਦ ਕਰ ਸਕਦਾ ਹੈ ਅਤੇ ਗਰੀਨ ਕਾਰਡ ਹੋਲਡਰ ਨੂੰ ਡਿਪਰੋਟ ਕਰਨ ਦੇ ਹੁਕਮ ਜਾਰੀ ਕਰ ਸਕਦਾ ਹੈ।

ਗਰੀਨ ਕਾਰਡ ਹੋਲਡਰ ਨੂੰ ਕਿਹੜੇ ਦਸਤਾਵੇਜ਼ ਹਰ ਰੋਜ਼ ਆਪਣੇ ਕੋਲ ਰੱਖਣੇ ਚਾਹੀਦੇ ਹਨ? ਇਮੀਗ੍ਰੇਸ਼ਨ ਅਤੇ ਨੈਸ਼ਨੈਲਟੀ ਐਕਟ ਅਧੀਨ ਹਰੇਕ ਗਰੀਨ ਕਾਰਡ ਹੋਲਡਰ ਦਾ ਆਪਣੀ ਰਜਿਸ਼ਟ੍ਰੇਸ਼ਨ ਦੇ ਦਸਤਾਵੇਜ਼ ਦਾ ਸਬੂਤ ਹਰ ਵੇਲੇ ਆਪਣੇ ਕੋਲ ਰੱਖਣਾ ਲਾਜ਼ਮੀ ਹੈ ਅਤੇ ਜਦੋਂ ਵੀ ਰਿਹਾਇਸ਼ ਦਾ ਪਤਾ ਬਦਲਦਾ ਹੈ ਤਾਂ ਯੂਐਸ ਸਿਟੀਜਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸੀਜ਼ (ਯੂਐਸਸੀਆਈਐਸ) ਨੂੰ 10 ਦਿਨਾਂ ਦੇ ਅੰਦਰ-ਅੰਦਰ ਬਦਲੇ ਹੋਏ ਪਤੇ ਦੀ ਸੂਚਨਾ ਦੇਣਾ ਲਾਜ਼ਮੀ ਹੈ। ਗਰੀਨ ਕਾਰਡ ਹੋਲਡਰ ਲਈ "ਰਜਿਸਟ੍ਰੇਸ਼ਨ ਦੇ ਸਬੂਤ" ਦਾ ਦਸਤਾਵੇਜ਼ ਫਾਰਮ ਆਈ-551 (ਗਰੀਨ ਕਾਰਡ) ਹੁੰਦਾ ਹੈ।

ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫ਼ੋਰਸਮੈਂਟ ਵਾਲਿਆਂ ਵੱਲੋਂ ਪਛਾਣ ਜਾਂ ਨਾਗਰਿਕਤਾ (ਸਿਟੀਜਨਸ਼ਿਪ) ਦਾ ਸਬੂਤ ਮੰਗਣ 'ਤੇ ਗਰੀਨ ਕਾਰਡ ਹੋਲਡਰ ਨੂੰ ਕੀ ਕਹਿਣਾ ਜਾਂ ਦਿਖਾਉਣਾ ਚਾਹੀਦਾ ਹੈ? ਜੇਕਰ ਤੁਹਾਡਾ ਸਾਹਮਣਾ ਆਈਸ ਨਾਲ ਹੁੰਦਾ ਹੈ ਤਾਂ ਕਿਰਪਾ ਕਰ ਕੇ ਸਿੱਖ ਕੋਲੀਸ਼ਨ ਦੀ 'ਆਪਣੇ ਹੱਕਾਂ ਨੂੰ ਜਾਣੋ' ਵਾਲੇ ਪੂਰੇ ਕਿਤਾਬਚੇ (ਅੰਗਰੇਜ਼ੀ / ਪੰਜਾਬੀ) ਨੂੰ ਪੜ੍ਹੋ/ਵਰਤੋ। ਆਮ ਤੌਰ 'ਤੇ ਗਰੀਨ ਕਾਰਡ ਹੋਲਡਰ ਨੂੰ ਆਪਣਾ ਫਾਰਮ ਆਈ-551 (ਗਰੀਨ ਕਾਰਡ) ਹਮੇਸ਼ਾ ਆਪਣੇ ਕੋਲ ਰੱਖਣਾ ਚਾਹੀਦਾ ਹੈ ਅਤੇ ਜਦੋਂ ਵੀ ਤੁਹਾਡਾ ਪਤਾ ਬਦਲੇ ਤਾਂ ਯੂਐਸਸੀਆਈਐਸ ਨੂੰ 10 ਦਿਨਾਂ ਦੇ ਅੰਦਰ-ਅੰਦਰ ਬਦਲੇ ਹੋਏ ਪਤੇ ਦੀ ਜਾਣਕਾਰੀ ਜ਼ਰੂਰ ਦਿਉ। ਜੇਕਰ ਕੋਈ ਵੀ ਇਮੀਗ੍ਰੇਸ਼ਨ ਅਫ਼ਸਰ (ਭਾਵ ਕਿ ਇਮੀਗ੍ਰੇਸ਼ਨ ਸੰਬੰਧੀ ਤਾਇਨਾਤ ਕੀਤੇ ਗਏ ਆਈਸ ਜਾਂ ਹੋਰ ਫੈਡਰਲ ਜਾਂ ਸਥਾਨਕ ਏਜੰਟ) ਇਮੀਗ੍ਰੇਸ਼ਨ ਦੇ ਦਸਤਾਵੇਜ਼ ਮੰਗਦਾ ਹੈ ਤਾਂ ਜੇ ਤੁਹਾਡੇ ਕੋਲ ਗਰੀਨ ਕਾਰਡ ਹੈ ਤਾਂ ਤੁਹਾਨੂੰ ਇਹ ਦਿਖਾਉਣਾ ਚਾਹੀਦਾ ਹੈ।

ਕੀ ਗਰੀਨ ਕਾਰਡ ਹੁਣ ਵੀ ਜਾਰੀ ਕੀਤੇ ਜਾਂਦੇ ਹਨ? ਕੁਝ ਖ਼ਬਰਾਂ ਵਾਲੇ ਅਦਾਰਿਆਂ ਨੇ ਖ਼ਬਰਾਂ ਚਲਾਈਆਂ ਹਨ ਕਿ ਯੂਐਸਸੀਆਈਐਸ ਨੇ ਇਮੀਗ੍ਰੇਸ਼ਨ ਮਹਿਕਮੇ ਦੇ ਅਧਿਕਾਰੀਆਂ ਨੂੰ ਰਿਫ਼ੀਊਜੀ ਜਾਂ ਅਸਾਈਲਮ ਸਟੇਟਸ ਵਾਲਿਆਂ ਵੱਲੋਂ ਗਰੀਨ ਕਾਰਡਾਂ ਵਾਸਤੇ ਜਮ੍ਹਾਂ ਕਰਵਾਈਆਂ ਅਰਜ਼ੀਆਂ ਨੂੰ ਜ਼ਿਆਦਾ ਬਾਰੀਕੀ ਨਾਲ ਘੋਖਣ ਵਾਸਤੇ ਰੋਕਣ ਦੇ ਨਿਰਦੇਸ਼ ਦਿੱਤੇ ਹਨ। ਡਿਮਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (ਡੀਐਚਐਸ) ਨੇ ਤਸਦੀਕ ਕਰਦਿਆਂ ਕਿਹਾ ਹੈ ਕਿ ਪ੍ਰੈਜ਼ੀਡੈਂਟ ਟਰੰਪ ਵੱਲੋਂ ਵਧੇਰੇ ਬਾਰੀਕੀ ਨਾਲ ਘੋਖ ਅਤੇ ਨਜ਼ਰਸਾਨੀ ਕਰਨ ਅਤੇ ਮਾਫ਼ੀਆ ਅਤੇ ਹੋਰ ਸੰਗਠਨਾਂ ਨੂੰ ਵਿਦੇਸ਼ੀ ਅੱਤਵਾਦੀ ਸੰਗਠਨਾਂ ਦੀ ਸ਼੍ਰੇਣੀ ਵਿੱਚ ਪਾਉਣ ਸੰਬੰਧੀ ਜਾਰੀ ਕੀਤੇ ਦੋ ਪ੍ਰਸ਼ਾਸਕੀ ਹੁਕਮਾਂ ਦਾ ਪਾਲਣ ਕਰਨ ਲਈ ਗਰੀਨ ਕਾਰਡਾਂ ਦੀ ਪ੍ਰਕਿਰਿਆ ਨੂੰ ਥੋੜ੍ਹੀ ਦੇਰ ਲਈ ਰੋਕਣਾ ਲਾਜ਼ਮੀ ਸੀ। ਸਾਡਾ ਮੰਨਣਾ ਹੈ ਕਿ ਇਹ ਆਰਜ਼ੀ ਰੋਕ ਹੈ ਪਰ ਅਸੀਂ ਸਲਾਹ ਦੇਵਾਂਗੇ ਕਿ ਜੇ ਤੁਸੀਂ ਆਪਣੇ ਗਰੀਨ ਕਾਰਡ ਦੀ ਅਰਜ਼ੀ ਦੀ ਪ੍ਰਕਿਰਿਆ ਪੂਰੀ ਹੋਣ ਦੀ ਉਡੀਕ ਕਰ ਰਹੇ ਹੋ ਤਾਂ ਕਿਸੇ ਇਮੀਗ੍ਰੇਸ਼ਨ ਵਾਲੇ ਵਕੀਲ ਨਾਲ ਸਲਾਹ-ਮਸ਼ਵਰਾ ਜ਼ਰੂਰ ਕਰੋ।

ਗਰੀਨ ਕਾਰਡ ਅਤੇ ਸਫ਼ਰ

ਕੀ ਗਰੀਨ ਕਾਰਡ ਹੋਲਡਰ ਦੂਜੇ ਦੇਸ਼ ਜਾ ਸਕਦੇ ਹਨ? ਜੇ ਹਾਂ, ਤਾਂ ਕੀ ਉਨ੍ਹਾਂ ਨੂੰ ਜਾਣਾ ਚਾਹੀਦਾ ਹੈ? ਸਿੱਖ ਕੋਲੀਸ਼ਨ ਇਸ ਸਥਿਤੀ ਵਿੱਚ ਨਹੀਂ ਹੈ ਕਿ ਸਲਾਹ ਦੇ ਸਕੇ ਕਿ ਗਰੀਨ ਕਾਰਡ ਹੋਲਡਰ ਨੂੰ ਵਿਦੇਸ਼ ਜਾਣਾ ਚਾਹੀਦਾ ਹੈ ਜਾਂ ਨਹੀਂ ਜਾਣਾ ਚਾਹੀਦਾ। ਇਹ ਗੱਲ ਸਮਝਣ ਵਾਲੀ ਹੈ ਕਿ ਵਿਦੇਸ਼ ਜਾਣ ਵਾਲੇ ਹਰੇਕ ਗਰੀਨ ਕਾਰਡ ਹੋਲਡਰ ਦੇ ਜੋਖਮ ਆਪੋ-ਆਪਣੇ ਢੰਗ ਨਾਲ ਵੱਖੋ-ਵੱਖਰੇ ਹੋਣਗੇ।

ਹਰੇਕ ਨੂੰ ਆਪਣੇ ਹੱਕ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ ਵਿਦੇਸ਼ ਜਾਣ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਆਪਣੇ ਜੋਖ਼ਮ ਸਮਝ ਲੈਣੇ ਚਾਹੀਦੇ ਹਨ। ਇਸ ਸਾਲ ਦੀ ਸ਼ੁਰੂਆਤ ਵਿੱਚ ਯੂਐਸ ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ (ਸੀਬੀਪੀ) ਦੇ ਸਹਾਇਕ ਕਮਿਸ਼ਨਰ ਨੇ ਕਿਹਾ ਸੀ, "ਜਿਨ੍ਹਾਂ ਗਰੀਨ ਕਾਰਡ ਹੋਲਡਰਾਂ ਨੇ ਅਮਰੀਕਾ ਦਾ ਕੋਈ ਕਾਨੂੰਨ ਨਹੀਂ ਤੋੜਿਆ, ਕਿਸੇ ਅਰਜ਼ੀ ਸੰਬੰਧੀ ਕੋਈ ਧੋਖਾਧੜੀ ਨਹੀਂ ਕੀਤੀ ਜਾਂ ਲੰਮੇਂ ਸਮੇਂ ਲਈ ਬਾਹਰ ਜਾ ਕੇ ਰੀ-ਐਂਟਰੀ ਪਰਮਿਟ ਲਈ ਅਰਜ਼ੀ ਨਾ ਦੇਣ ਵਰਗੀ ਕੋਤਾਹੀ ਨਹੀਂ ਕੀਤੀ ਉਨ੍ਹਾਂ ਨੂੰ ਦੇਸ਼ ਵਿੱਚ ਦਾਖ਼ਲ ਹੋਣ ਜਾਂ ਇੱਥੋਂ ਬਾਹਰ ਜਾਣ ਵੇਲੇ ਕਿਸੇ ਗੱਲੋਂ ਡਰਨ ਦੀ ਲੋੜ ਨਹੀਂ ਹੈ।" ਇਸ ਤਰ੍ਹਾਂ ਕਹੇ ਜਾਣ ਦੇ ਬਾਵਜੂਦ ਇਸ ਪ੍ਰਸ਼ਾਸਨ ਦੇ ਅਧੀਨ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਵਾਉਣ ਦੇ ਪਲ-ਪਲ ਬਦਲਦੇ ਢੰਗ-ਤਰੀਕਿਆਂ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਇਕ ਵਾਰ ਫੇਰ ਇਸ ਗੱਲ ਨੂੰ ਮਾਨਤਾ ਦਿੰਦੇ ਹਾਂ ਕਿ ਆਮ ਲੋਕਾਂ ਦੇ ਡਰ ਅਤੇ ਚਿੰਤਾਵਾਂ ਜਾਇਜ਼ ਹਨ।

ਜੇ ਗਰੀਨ ਕਾਰਡ ਹੋਲਡਰ ਦੂਜੇ ਦੇਸ਼ ਜਾਣ ਦਾ ਫ਼ੈਸਲਾ ਕਰਦੇ ਹਨ ਤਾਂ ਉਨ੍ਹਾਂ ਨੂੰ ਕਿਹੜੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ**?**

- ਆਪਣੇ ਹੱਕਾਂ ਨੂੰ ਸਮਝੋ: ਗਰੀਨ-ਕਾਰਡ ਹੋਲਡਰਾ ਕੋਲ ਪ੍ਰਕਿਰਿਆ ਆਧਾਰਿਤ ਹੱਕ ਹਨ, ਜਿਸ ਦਾ ਮਤਲਬ ਹੈ ਕਿ ਸਿਰਫ਼ ਇਮੀਗ੍ਰੇਸ਼ਨ ਵਾਲਾ ਜੱਜ ਹੀ ਗਰੀਨ ਕਾਰਡ ਰੱਦ ਕਰ ਸਕਦਾ ਹੈ। ਗਰੀਨ ਕਾਰਡ ਹੋਲਡਰ ਕਸਟਮ ਅਫ਼ਸਰਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਸਕਦੇ ਹਨ ਜਾਂ ਆਪਣੀਆਂ ਇਲੈਕ੍ਰਟ੍ਰੋਨਿਕ ਡਿਵਾਇਸਾਂ ਦੀ ਜਾਂਚ ਕਰਨ ਦੇਣ ਤੋਂ ਮਨ੍ਹਾਂ ਕਰ ਸਕਦੇ ਹਨ, ਪਰ ਦੋਵਾਂ ਹੀ ਮਾਮਲਿਆਂ ਵਿੱਚ ਐਂਟਰੀ ਵਿੱਚ ਦੇਰੀ ਹੋ ਸਕਦੀ ਹੈ।
- ਅਮਰੀਕਾ ਤੋਂ ਬਾਹਰ ਜਾਣ ਦੇ ਅਰਸੇ ਦਾ ਜ਼ੋਖ਼ਮ: ਗਰੀਨ ਕਾਰਡ ਹੋਲਡਰ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਅਮਰੀਕਾ ਤੋਂ ਬਾਹਰ ਉਹ ਕਿੰਨੀ ਦੇਰ ਲਈ ਜਾ ਰਹੇ ਹਨ।
  - ਅਮਰੀਕਾ ਤੋਂ ਬਾਹਰ ਬਿਤਾਇਆ ਜ਼ਿਆਦਾ ਲੰਮਾ ਸਮਾਂ ਕਸਟਮ ਅਫ਼ਸਰਾਂ ਦੇ ਮਨ ਵਿੱਚ ਸ਼ੱਕ ਪੈਦਾ ਕਰ ਸਕਦਾ ਹੈ।
  - ਛੇ ਮਹੀਨੇ ਤੋਂ ਜ਼ਿਆਦਾ ਦੀ ਗ਼ੈਰ-ਹਾਜ਼ਰੀ ਹੋਣ 'ਤੇ ਸਵਾਲ ਪੁੱਛੇ ਜਾ ਸਕਦੇ ਹਨ ਕਿ ਕੀ ਤੁਸੀਂ ਅਮਰੀਕਾ ਵਿੱਚ ਰਹਿਣਾ (ਯਾਨੀ ਆਪਣਾ ਘਰ) ਛੱਡ ਦਿੱਤਾ ਹੈ।
  - ਜੇ ਤੁਸੀਂ ਇਕ ਸਾਲ ਤੋਂ ਜ਼ਿਆਦਾ ਅਮਰੀਕਾ ਤੋਂ ਬਾਹਰ ਰਹਿੰਦੇ ਹੋ, ਤੁਹਾਡਾ ਗਰੀਨ ਕਾਰਡ ਖ਼ਤਮ ਮੰਨਿਆ ਜਾ ਸਕਦਾ ਹੈ ਸਿਰਫ਼ ਇਸ ਸ਼ਰਤ ਤੇ ਹੀ ਗਰੀਨ ਕਾਰਡ ਰੱਦ ਨਹੀਂ ਕੀਤਾ ਜਾਵੇਗਾ ਜੇਕਰ ਤੁਸੀਂ ਅਮਰੀਕਾ ਤੋਂ ਬਾਹਰ ਜਾਣ ਵੇਲੇ ਦੋਬਾਰਾ ਦਾਖ਼ਲ ਹੋਣ (ਰੀ-ਐਂਟਰੀ) ਲਈ ਅਰਜ਼ੀ ਦਿੱਤੀ ਹੋਵੇ। ਇਸ ਅਰਜ਼ੀ ਨੂੰ ਫਾਰਮ ਆਈ-131 ਵੀ ਕਿਹਾ ਜਾਂਦਾ ਹੈ।
- ਅਪਰਾਧਕ ਰਿਕਾਰਡ ਦਾ ਜੋਖ਼ਮ: ਅਮਰੀਕਾ ਤੋਂ ਬਾਹਰ ਜਾਣ ਵਾਲੇ ਉਹ ਗਰੀਨ ਕਾਰਡ ਹੋਲਡਰ ਨੂੰ ਦੋਬਾਰਾ ਅਮਰੀਕਾ ਵਿੱਚ ਦਾਖ਼ਲ ਨਾ ਹੋਣ ਦਿੱਤੇ ਜਾਣ ਦਾ ਜੋਖ਼ਮ ਜ਼ਿਆਦਾ ਹੋ ਸਕਦਾ ਹੈ ਜਿਨ੍ਹਾਂ ਦੇ ਨਾਮ ਅਪਰਾਧਕ ਰਿਕਾਰਡ ਵਿੱਚ ਦਰਜ ਹੋਣ। ਇਸ ਵਿੱਚ "ਨੈਤਿਕ ਦੁਰਾਚਾਰ" (ਮੌਰਲ ਟਰਪੀਟਿਊਡ) ਵਾਲੇ ਅਪਰਾਧ (ਜਿਸ ਵਿੱਚ ਲਗਪਗ ਹਰ ਕਿਸਮ ਦੇ ਅਪਰਾਧ ਆ ਜਾਂਦੇ ਹਨ) ਸ਼ਾਮਲ ਹਨ ਜੋ ਅਮਰੀਕਾ ਵਿੱਚ ਕੀਤੇ ਹੋਣ ਜਾਂ ਅਮਰੀਕਾ ਵਾਪਸ ਆਉਣ ਤੋਂ ਪਹਿਲਾਂ ਅਮਰੀਕਾ ਤੋਂ ਬਾਹਰ ਕੀਤੇ ਹੋਣ।
- ਐਮਰਜੈਂਸੀ ਸੰਪਰਕ: ਜੇਕਰ ਅਮਰੀਕਾ ਵਿੱਚ ਦਾਖ਼ਲ ਹੋਣ 'ਤੇ ਤੁਹਾਨੂੰ ਦੂਸਰੀ ਜਾਂ ਵਾਧੂ ਸਕਰੀਨਿੰਗ ਲਈ ਰੋਕ ਲਿਆ ਜਾਂਦਾ ਹੈ ਤਾਂ ਆਪਣੇ ਪਰਿਵਾਰਕ ਮੈਂਬਰ ਜਾਂ ਦੋਸਤਾਂ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਨੂੰ ਤੁਰੰਤ ਆਪਣੇ ਇਮੀਗ੍ਰੇਸ਼ਨ ਵਕੀਲ ਨਾਲ ਸੰਪਰਕ ਕਰਨ ਲਈ ਕਹੋ। ਜੇ ਲੋੜ ਹੋਵੇ ਤਾਂ ਤੁਸੀਂ ਸੈਕੰਡ ਸਕਰੀਨਿੰਗ ਵੇਲੇ ਦੁ-ਭਾਸ਼ੀਏ (ਇੰਟਰਪ੍ਰੇਟਰ) ਦੀ ਮੰਗ ਕਰ ਸਕਦੇ ਹੋ। ਕਸਟਮ ਅਫ਼ਸਰ ਉਦੋਂ ਸੈਕੰਡ ਸਕਰੀਨਿੰਗ ਕਰੇਗਾ ਜਦੋਂ ਵਧੇਰੇ ਜਾਣਕਾਰੀ ਦੀ ਲੋੜ ਹੋਵੇ ਜਾਂ ਉਨ੍ਹਾਂ ਕੋਲ ਤੁਹਾਨੂੰ ਅਮਰੀਕਾ ਵਿੱਚ ਦੋਬਾਰਾ ਦਾਖ਼ਲ ਕਰਨ ਸੰਬੰਧੀ ਕੋਈ ਸ਼ੰਕਾ ਹੋਵੇ; ਕਈ ਵਾਰ ਇਹ ਸਕਰੀਨਿੰਗ ਵੈਸੇ ਹੀ ਕਿਸੇ ਦੀ ਵੀ ਕਰ ਦਿੱਤੀ ਜਾਂਦੀ ਹੈ।

ਜੇ ਮੇਰੇ ਗਰੀਨ ਕਾਰਡ ਦੀ ਮਿਆਦ ਮੁੱਕ ਚੁੱਕੀ ਜਾਂ ਮੁੱਕਣ ਵਾਲੀ ਹੈ**?** ਜੇਕਰ ਤੁਹਾਡੇ ਗਰੀਨ ਕਾਰਡ ਦੀ ਮਿਆਦ (ਤਰੀਕ) ਮੁੱਕ ਚੁੱਕੀ ਹੈ ਅਤੇ ਤੁਸੀਂ ਅਮਰੀਕਾ ਤੋਂ ਬਾਹਰ ਜਾਣਾ ਹੈ ਤਾਂ ਤੁਸੀਂ ਉਸ ਹਾਲਤ ਵਿੱਚ ਅਮਰੀਕਾ ਵਿੱਚ ਵਾਪਸ ਦਾਖ਼ਲ ਹੋ ਸਕਦੇ ਹੋ ਜੇ ਤੁਹਾਡੇ ਕੋਲ ਆਈ-90 ਰਸੀਦ ਨੋਟਿਸ ਹੈ। ਆਈ-90 ਰਸੀਦ ਨੋਟਿਸ ਯੂਐਸਸੀਆਈਐਸ ਵੱਲੋਂ ਜਾਰੀ ਕੀਤਾ ਗਿਆ ਉਹ ਨੋਟਿਸ ਹੁੰਦਾ ਹੈ ਜੋ ਪੁਰਾਣੇ ਪਰਮਾਨੈਂਟ ਰੈਜ਼ੀਡੈਂਟ ਕਾਰਡ (ਗਰੀਨ ਕਾਰਡ) ਬਦਲੇ ਨਵਾਂ ਕਾਰਡ ਜਾਰੀ ਕਰਨ ਲਈ ਦਿੱਤੀ ਜਾਂਦੀ ਅਰਜ਼ੀ ਦਾ ਫ਼ਾਰਮ ਆਈ-90 ਜਮ੍ਹਾਂ ਕਰਵਾਉਣ ਤੋਂ ਬਾਅਦ ਮਿਲਦਾ ਹੈ। ਇਹ ਨੋਟਿਸ ਤਸਦੀਕ ਕਰਦਾ ਹੈ ਕਿ ਯੂਐਸਸੀਆਈਐਸ ਨੂੰ ਤੁਹਾਡੀ ਅਰਜ਼ੀ ਮਿਲ ਗਈ ਹੈ ਅਤੇ ਜੋ ਤੁਹਾਡੇ ਕਾਨੂੰਨੀ ਪੱਕੇ ਵਸਨੀਕ (ਗਰੀਨ ਕਾਰਡ ਹੋਲਡਰ) ਹੋਣ ਦਾ ਆਰਜ਼ੀ ਸਬੂਤ ਬਣ ਜਾਂਦਾ ਹੈ। ਇਹ

ਨੋਟਿਸ ਦਰਸਾਉਂਦਾ ਹੈ ਕਿ ਇਸ ਵਿਅਕਤੀ ਨੇ ਆਪਣਾ 10 ਸਾਲਾ ਵਾਲਾ ਗਰੀਨ ਕਾਰਡ ਨਵਾਂ ਬਣਾਉਣ (ਰਿਨੀਊ ਕਰਵਾਉਣ) ਲਈ ਅਰਜ਼ੀ ਦਿੱਤੀ ਹੋਈ ਹੈ। ਆਈ-90 ਰਸੀਦ ਨੋਟਿਸ ਤੁਹਾਡੇ ਮਿਆਦ ਖ਼ਤਮ ਹੋ ਚੁੱਕੇ ਗਰੀਨ ਕਾਰਡ ਦੀ ਮਿਆਦ (ਤਰੀਕ) ਉਦੋਂ ਤੱਕ ਲਈ ਵਧਾ ਦਿੰਦਾ ਹੈ ਜਦੋਂ ਤੱਕ ਤੁਹਾਨੂੰ ਨਵਾਂ ਗਰੀਨ ਕਾਰਡ ਨਹੀਂ ਮਿਲ ਜਾਂਦਾ।

ਜੇ ਤੁਹਾਡੇ ਗਰੀਨ ਕਾਰਡ ਦੀ ਮਿਆਦ ਮੁੱਕ ਚੁੱਕੀ ਹੈ ਤਾਂ ਇਕ ਹੋਰ ਵਿਕਲਪ ਹੈ ਪਾਸਪੋਰਟ ਉੱਤੇ ਆਈ-551 ਦੀ ਮੋਹਰ ਲਗਵਾ ਲਈ ਜਾਵੇ। ਇਹ ਮੋਹਰ ਪੱਕੀ ਨਾਗਰਿਕਤਾ ਦੇ ਆਰਜ਼ੀ ਸਬੂਤ ਦੀ ਭੂਮਿਕਾ ਨਿਭਾਉਂਦਾ ਹੈ। ਗਰੀਨ ਕਾਰਡ ਹੋਲਡਰ ਯੂਐਸਸੀਆਈਐਸ ਦਫ਼ਤਰ ਤੋਂ ਸਮਾਂ ਲੈ ਕੇ ਇਹ ਮੋਹਰ ਲਗਵਾ ਸਕਦੇ ਹਨ। ਆਈ-551 ਦੀ ਮੋਹਰ ਦੀ ਮਿਆਦ ਆਮ ਤੌਰ ’ਤੇ ਇਕ ਸਾਲ ਹੁੰਦੀ ਹੈ ਅਤੇ ਨਵਾਂ ਗਰੀਨ ਕਾਰਡ ਮਿਲਣ ਦੀ ਉਡੀਕ ਕਰ ਰਹੇ ਵਿਅਕਤੀ ਇਸ ਦੀ ਵਰਤੋਂ ਅਮਰੀਕਾ ਵਿੱਚ ਦੋਬਾਰਾ ਦਾਖ਼ਲ ਹੋਣ ਲਈ ਕਰ ਸਕਦੇ ਹਨ।

ਜੇ ਅਮਰੀਕਾ ਤੋਂ ਬਾਹਰ ਹੁੰਦੇ ਹੋਏ ਤੁਹਾਡੇ ਗਰੀਨ ਕਾਰਡ ਦੀ ਮਿਆਦ ਖ਼ਤਮ ਹੋ ਜਾਂਦੀ ਹੈ ਤਾਂ ਅਮਰੀਕਾ ਤੋਂ ਬਾਹਰ ਵਾਲੇ ਸਥਾਨ ’ਤੇ ਤੁਹਾਨੂੰ ਅਮਰੀਕਾ ਦੀ ਅੰਬੈਸੀ ਜਾਂ ਯੂਐਸਸੀਆਈਐਸ ਇੰਟਰਨੈਸ਼ਨਲ ਦਫ਼ਤਰ ਜਾਣਾ ਪਵੇਗਾ ਅਤੇ ਅਮਰੀਕਾ ਜਾਣ ਵਾਲੇ ਜਹਾਜ਼ ਵਿੱਚ ਚੜ੍ਹਨ ਤੋਂ ਪਹਿਲਾਂ ਨਵੇਂ ਗਰੀਨ ਕਾਰਡ ਲਈ ਅਰਜ਼ੀ ਦੇਣੀ ਪਵੇਗੀ। ਇਸ ਪ੍ਰਕਿਰਿਆ ਵਿੱਚ ਕੁਝ ਸਮਾਂ ਲੱਗ ਸਕਦਾ ਹੈ ਕਿਉਂਕਿ ਫਾਰਮ ਆਈ-90 ਭਰ ਕੇ ਇਕ ਨਿਰਧਾਰਤ ਫ਼ੀਸ ਨਾਲ ਜਮ੍ਹਾਂ ਕਰਵਾਉਣਾ ਹੁੰਦਾ ਹੈ।

**ਗਰੀਨ ਕਾਰਡ ਹੋਲਡਰ ਕੋਲ ਅਮਰੀਕਾ ਵਿੱਚ ਦਾਖ਼ਲ ਹੋਣ ਵੇਲੇ ਹਵਾਈ ਅੱਡੇ ਉੱਤੇ ਕਿਹੜੇ ਹੱਕ ਹੁੰਦੇ ਹਨ?** ਜੇ ਤੁਹਾਡੇ ਕੋਲ ਗਰੀਨ ਕਾਰਡ ਹੈ ਅਤੇ ਤੁਹਾਡਾ ਗਰੀਡ ਕਾਰਡ ਦਾ ਸਟੇਟਸ ਕਾਇਮ ਹੈ ਤਾਂ ਜਦੋਂ ਤੁਸੀਂ ਅਮਰੀਕਾ ਵਿੱਚ ਦਾਖ਼ਲ ਹੁੰਦੇ ਤਾਂ ਤੁਹਾਨੂੰ ਸਿਰਫ਼ ਆਪਣੀ ਪਛਾਣ ਅਤੇ ਪੱਕੀ ਨਾਗਰਿਕਤਾ ਨੂੰ ਸਾਬਤ ਕਰਨ ਵਾਲੇ ਸਵਾਲਾਂ ਦਾ ਹੀ ਜੁਆਬ ਦੇਣਾ ਚਾਹੀਦਾ ਹੈ। ਗਰੀਨ ਕਾਰਡ ਹੋਲਡਰ ਵੱਜੋਂ ਆਪਣਾ ਸਟੇਟਸ ਕਾਇਮ ਰੱਖਣ ਦਾ ਮਤਲਬ ਹੈ ਕਿ ਤੁਸੀਂ ਇਸ ਦਸਤਾਵੇਜ਼ ਦੇ ਪਹਿਲੇ ਪੰਨੇ ਉੱਤੇ ਦਰਜ ਸਾਰੀਆਂ ਜ਼ਿੰਮੇਵਾਰੀਆਂ ਦਾ ਪਾਲਣ ਕੀਤਾ ਹੈ ਅਤੇ ਤੁਸੀਂ ਜ਼ਿਆਦਾ ਲੰਮੇ ਸਮੇਂ ਤੱਕ ਦੇਸ਼ ਤੋਂ ਬਾਹਰ ਨਹੀਂ ਰਹੇ।

ਤੁਹਾਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਤੁਹਾਡੇ ਧਾਰਮਿਕ ਅਤੇ ਸਿਆਸੀ ਵਿਸ਼ਵਾਸ ਪਹਿਲੀ ਸੋਧ (ਫਸਟ ਅਮੈਂਡਮੈਂਟ) ਅਧੀਨ ਸੁਰੱਖਿਅਤ ਹਨ। ਕਸਟਮ ਅਫ਼ਸਰ ਕਈ ਵਾਰ ਲੋਕਾਂ ਤੋਂ ਧਾਰਮਿਕ ਮਾਨਤਾ, ਅਭਿਆਸਾਂ ਅਤੇ ਸਿਆਸੀ ਵਿਚਾਰਾਂ ਬਾਰੇ ਸਵਾਲ ਪੁੱਛਦੇ ਰਹੇ ਹਨ। ਜੇ ਤੁਸੀਂ ਅਮਰੀਕਾ ਦੇ ਨਾਗਰਿਕ ਜਾਂ ਗਰੀਨ ਕਾਰਡ ਹੋਲਡਰ ਹੋ ਤਾਂ ਤੁਹਾਨੂੰ ਇਸ ਕਿਸਮ ਦੇ ਸਵਾਲਾਂ ਦੇ ਜੁਆਬ ਦੇਣ ਦੀ ਲੋੜ ਨਹੀਂ ਹੈ ਅਤੇ ਇਨ੍ਹਾਂ ਸਵਾਲਾਂ ਦੇ ਜੁਆਬ ਨਾ ਦੇਣ ਕਰ ਕੇ ਤੁਹਾਨੂੰ ਅਮਰੀਕਾ ਵਿੱਚ ਦਾਖ਼ਲੇ ਤੋਂ ਮਨ੍ਹਾਂ ਨਹੀਂ ਕੀਤਾ ਜਾ ਸਕਦਾ। ਜੇਕਰ ਕਸਟਮ ਅਫ਼ਸਰ ਤੁਹਾਡੇ ’ਤੇ ਦਬਾਅ ਪਾਉਂਦਾ ਹੈ ਤਾਂ ਤੁਹਾਨੂੰ ਸੁਪਰਵਾਈਜ਼ਰ ਨੂੰ ਮਿਲਣ ਦੀ ਬੇਨਤੀ ਕਰਨੀ ਚਾਹੀਦੀ ਹੈ। (ਗ਼ੌਰ ਕਰੋ ਕਿ ਇਸ ਕਿਸਮ ਦੇ ਸਵਾਲਾਂ ਦੇ ਜੁਆਬ ਨਾ ਦੇਣ ਦੀ ਸੂਰਤ ਵਿੱਚ ਦੇਸ਼ ਵਿੱਚ ਦੋਬਾਰਾ ਦਾਖ਼ਲੇ ਵਿੱਚ ਦੇਰ ਹੋ ਸਕਦੀ ਹੈ।)

**ਅਮਰੀਕਾ ਵਿੱਚ ਦੋਬਾਰਾ ਦਾਖ਼ਲੇ ਵੇਲੇ ਇਕ ਗਰੀਨ ਕਾਰਡ ਹੋਲਡਰ ਕੋਲ ਕਿਹੜੇ ਦਸਤਾਵੇਜ਼ ਹੋਣੇ ਚਾਹੀਦੇ ਹਨ?** ਗਰੀਨ ਕਾਰਡ ਹੋਲਡਰ ਜਦੋਂ ਵਾਪਸ ਅਮਰੀਕਾ ਮੁੜਦਾ ਹੈ ਤਾਂ ਉਸ ਕੋਲ ਆਪਣਾ ਗਰੀਨ ਕਾਰਡ (ਫਾਰਮ ਆਈ-551) ਅਤੇ ਜਿਸ ਵੀ ਦੇਸ਼ ਦੇ ਉਹ ਨਾਗਰਿਕ ਹੋਣ ਉਸ ਦੇਸ਼ ਦਾ ਉਨ੍ਹਾਂ ਦਾ ਪਾਸਪੋਰਟ ਜਾਂ ਜੇਕਰ ਉਹ ਰਿਫ਼ਿਊਜੀ ਹਨ ਤਾਂ ਉਨ੍ਹਾਂ ਦਾ ਰਿਫ਼ਿਊਜੀ ਟਰੈਵਲ ਦਸਤਾਵੇਜ਼ ਉਨ੍ਹਾਂ ਕੋਲ ਹੋਣਾ ਚਾਹੀਦਾ ਹੈ।

**ਕੀ ਮੇਰੇ ਅਮਰੀਕਾ ਵਿੱਚ ਦੋਬਾਰਾ ਦਾਖ਼ਲ ਹੋਣ ਵੇਲੇ ਕਸਟਮ ਅਧਿਕਾਰੀ ਮੇਰਾ ਫ਼ੋਨ ਦੇਖ ਸਕਦੇ ਹਨ?** ਇਹ ਯਕੀਨੀ ਬਣਾਉਣ ਲਈ ਕਿ ਵਿਅਕਤੀ ਨੂੰ ਅਮਰੀਕਾ ਵਿੱਚ ਦਾਖ਼ਲ ਹੋਣ ਦਿੱਤਾ ਜਾ ਸਕਦਾ ਹੈ ਜਾਂ ਨਹੀਂ, ਕਸਟਮ ਅਫ਼ਸਰ ਕਿਸੇ ਵੀ ਵਿਅਕਤੀ ਨੂੰ ਸਰਹੱਦ ਉੱਤੇ ਰੋਕ ਸਕਦੇ ਹਨ ਅਤੇ ਉਹ ਉਸ ਦੇ ਸਾਮਾਨ ਦੀ ਤਲਾਸ਼ੀ ਲੈ ਸਕਦੇ ਹਨ। ਇਹ ਤਾਂ ਤਲਾਸ਼ੀ ਤਾਂ ਵੀ ਹੋ ਸਕਦੀ ਹੈ ਭਾਵੇਂ ਤੁਹਾਡੇ ਜਾਂ ਤੁਹਾਡੇ ਸਮਾਨ ਬਾਰੇ ਕੁਝ ਵੀ ਸ਼ੱਕੀ ਨਾ ਹੋਵੇ। ਹਾਲ ਦੀਆਂ ਖ਼ਬਰਾਂ ਵਿੱਚ ਦੇਖਿਆ ਗਿਆ ਹੈ ਕਿ ਕਸਟਮ ਅਫ਼ਸਰ ਸਾਰੇ ਇਮੀਗ੍ਰੇਸ਼ਨ ਦਰਜਿਆਂ ਵਾਲੇ ਅਮਰੀਕਾ ਵਾਪਸ ਆਉਣ ਵਾਲੇ ਮੁਸਾਫ਼ਰਾਂ ਨੂੰ ਆਪਣੇ ਲੈਪਟੌਪ ਦਾ ਪਾਸਵਰਡ ਜਾਂ ਆਪਣੇ ਫ਼ੋਨ ਖ਼ੋਲ੍ਹ ਕੇ ਦੇਣ ਲਈ ਕਹਿ ਰਹੇ ਹਨ। ਅਮਰੀਕੀ ਨਾਗਰਿਕਾਂ ਨੂੰ ਪਾਸਵਰਡ ਦੇਣ ਜਾਂ ਡਿਵਾਇਸਾਂ ਨੂੰ ਅਨਲੌਕ ਕਰਨ ਤੋਂ ਇਨਕਾਰ ਕਰਨ ’ਤੇ ਅਮਰੀਕਾ ਵਿੱਚ ਦਾਖ਼ਲੇ ਤੋਂ ਮਨ੍ਹਾਂ ਨਹੀਂ ਕੀਤਾ ਜਾ ਸਕਦਾ ਪਰ ਇਸ ਤਰ੍ਹਾਂ ਇਨਕਾਰ ਕਰਨ ’ਤੇ ਦਾਖ਼ਲੇ ਵਿੱਚ ਦੇਰ, ਵਧੇਰੇ ਸਵਾਲ-ਜਵਾਬ ਪੁੱਛਣ ਅਤੇ/ਜਾਂ ਵਧੇਰੇ ਪੜਤਾਲ ਲਈ ਅਫ਼ਸਰਾਂ ਵੱਲੋਂ ਡਿਵਾਇਸ ਜ਼ਬਤ ਕੀਤੀ ਜਾ ਸਕਦੀ ਹੈ। ਇਹ ਵੀ ਸਮਝਿਆ ਗਿਆ ਹੈ ਕਿ ਜੋ ਗਰੀਨ ਕਾਰਡ ਹੋਲਡਰ ਪਹਿਲਾਂ ਵੀ ਅਮਰੀਕਾ ਵਿੱਚ ਦਾਖ਼ਲ ਹੁੰਦੇ ਰਹੇ ਹਨ ਅਤੇ ਉਨ੍ਹਾਂ ਨੇ ਆਪਣਾ ਗਰੀਨ ਕਾਰਡ ਸਟੇਟਸ ਕਾਇਮ ਰੱਖਿਆ ਹੈ ਕਿਉਂਕਿ ਗਰੀਨ ਕਾਰਡ ਇਮੀਗ੍ਰੇਸ਼ਨ ਜੱਜ ਦੇ ਸਾਹਮਣੇ ਪੇਸ਼ੀ ਤੋਂ ਬਿਨਾਂ ਰੱਦ ਨਹੀਂ ਕੀਤਾ ਜਾ ਸਕਦਾ। ਜੇਕਰ ਕਿਸੇ ਮੌਕੇ ਕਸਟਮ

ਅਫ਼ਸਰ ਤੁਹਾਡੇ ਮੋਬਾਈਲ ਫ਼ੋਨ ਜਾਂ ਲੈਪਟੌਪ ਦੀ ਪੜਤਾਲ ਕਰਦਾ ਹੈ ਜਾਂ ਉਸ ਨੂੰ ਜ਼ਬਤ ਕਰਦਾ ਤਾਂ ਆਪਣੇ ਸਾਮਾਨ ਦੀ ਰਸੀਦ ਜ਼ਰੂਰ ਲਵੋ।

ਹੋਰ ਸਵਾਲ

**ਫਾਰਮ ਆਈ-407 ਕੀ ਹੈ?** [ਫ਼ਾਰਮ ਆਈ-407] ਕਾਨੂੰਨੀ ਪੱਕੇ ਵਸਨੀਕ ਸਟੇਟਸ ਨੂੰ ਛੱਡਣ ਦਾ ਰਿਕਾਰਡ ਹੁੰਦਾ ਹੈ। ਇਹ ਦਸਤਾਵੇਜ਼ ਉਦੋਂ ਡੀਐੱਚਐੱਸ ਵੱਲੋਂ ਜਾਰੀ ਕੀਤਾ ਜਾਂਦਾ ਹੈ ਜਦੋਂ ਕੋਈ ਗਰੀਨ ਕਾਰਡ ਹੋਲਡਰ ਆਪਣੀ ਮਰਜ਼ੀ ਨਾਲ ਅਮਰੀਕਾ ਵਿੱਚ ਰਹਿਣ ਦਾ ਆਪਣਾ ਕਾਨੂੰਨੀ ਅਧਿਕਾਰ ਛੱਡ ਦਿੰਦਾ ਹੈ। ਕਈ ਲੋਕ ਨਿੱਜੀ ਕਾਰਨਾਂ ਕਰ ਕੇ ਇਹ ਫਾਰਮ ਭਰਦੇ ਹਨ ਪਰ ਹਵਾਈ ਅੱਡੇ ਜਾਂ ਕਿਸੇ ਵੀ ਹੋਰ ਸਥਾਨ 'ਤੇ ਇਹ ਫਾਰਮ ਭਰਨਾ ਜਾਂ ਇਸ 'ਤੇ ਦਸਤਖ਼ਤ ਕਰਨਾ ਜ਼ਰੂਰੀ ਜਾਂ ਲੋੜੀਂਦਾ ਨਹੀਂ ਹੈ-ਭਾਵੇਂ ਕਸਟਮ ਅਫ਼ਸਰ ਦਸਤਖ਼ਤ ਕਰਨ ਦਾ ਦਬਾਅ ਵੀ ਕਿਉਂ ਨਾ ਪਾਉਣ। ਜੇ ਕਸਟਮ ਅਫ਼ਸਰ ਵੱਲੋਂ ਫਾਰਮ ਆਈ-407 ਉੱਤੇ ਦਸਤਖ਼ਤ ਕਰਨ ਲਈ ਤੁਹਾਡੇ ਉੱਤੇ ਦਬਾਅ ਪਾਇਆ ਜਾਂਦਾ ਹੈ ਤਾਂ ਇਹ ਯਾਦ ਰੱਖਣਾ ਜ਼ਰੂਰੀ ਹੈ:

- ਕਸਟਮ ਅਫ਼ਸਰ ਤੁਹਾਨੂੰ ਫਾਰਮ ਆਈ-407 ਉੱਤੇ ਦਸਤਖ਼ਤ ਕਰਨ ਲਈ ਮਜਬੂਰ ਨਹੀਂ ਕਰ ਸਕਦੇ। ਜੇਕਰ ਤੁਹਾਨੂੰ ਫਾਰਮ ਆਈ-407 ਉੱਤੇ ਦਸਤਖ਼ਤ ਕਰਨ ਲਈ ਕਿਹਾ ਜਾਂਦਾ ਹੈ ਤਾਂ ਤੁਸੀਂ ਆਪਣੇ ਕਨੂੰਨੀ ਸਲਾਹਕਾਰ ਨਾਲ ਗੱਲ ਕਰਨ ਦੀ ਬੇਨਤੀ ਕਰ ਸਕਦੇ ਹੋ ਅਤੇ ਤੁਹਾਨੂੰ ਇਮੀਗ੍ਰੇਸ਼ਨ ਜੱਜ ਅੱਗੇ ਪੇਸ਼ ਹੋ ਕੇ ਆਪਣੀ ਗੱਲ ਕਹਿਣ ਦੀ ਬੇਨਤੀ ਕਰਨ ਦਾ ਹੱਕ ਹੈ।
- ਸਿਰਫ਼ ਇਮੀਗ੍ਰੇਸ਼ਨ ਜੱਜ ਹੀ ਇਕਲੌਤਾ ਵਿਅਕਤੀ ਹੈ ਜਿਸ ਨੂੰ ਤੁਹਾਡਾ ਗਰੀਨ ਕਾਰਡ ਸਰਕਾਰੀ ਤੌਰ 'ਤੇ ਰੱਦ ਕਰਨ ਦੀ ਆਗਿਆ ਹੈ। ਹਾਂ, ਜੇ ਤੁਸੀਂ ਆਪਣੀ ਮਰਜ਼ੀ ਨਾਲ ਫਾਰਮ ਆਈ-407 ਉੱਤੇ ਦਸਤਖ਼ਤ ਕਰਦੇ ਹੋ ਤਾਂ ਤੁਸੀਂ ਆਪਣਾ ਸਟੇਟਸ ਆਪ ਛੱਡ ਰਹੇ ਹੋ ਅਤੇ ਜੇ ਇਕ ਵਾਰ ਦਸਤਖ਼ਤ ਹੋ ਜਾਣ ਤਾਂ ਉਸ ਤੋਂ ਬਾਅਦ ਇਹ ਫ਼ੈਸਲਾ ਵਾਪਸ ਕਰਵਾਉਣਾ ਮੁਸ਼ਕਲ ਹੋ ਸਕਦਾ ਹੈ।
- ਹਮੇਸ਼ਾ ਸ਼ਾਂਤ ਰਹੋ ਅਤੇ ਚਾਹੇ ਡਰ ਦੀ ਹਾਲਤ ਹੀ ਕਿਉਂ ਨਾ ਹੋਵੇ, ਅਜਿਹੇ ਕਿਸੇ ਵੀ ਫਾਰਮ ਉੱਤੇ ਦਸਤਖ਼ਤ ਨਾ ਕਰੋ ਜਿਹਦੇ ਬਾਰੇ ਤੁਹਾਨੂੰ ਸਮਝ ਨਹੀਂ ਹੈ ਕਿਉਂਕਿ ਇਸ ਦੇ ਨਤੀਜੇ ਬਹੁਤ ਗੰਭੀਰ ਹੋ ਸਕਦੇ ਹਨ।